# ਦਫਤਰ ਵਧੀਕ ਡਿਪਟੀ ਕਮਿਸ਼ਨਰ-ਕਮ-ਵਧੀਕ ਜ਼ਿਲ੍ਹਾ ਪ੍ਰੋਗਰਾਮ ਕੋਆਰਡੀਨੇਟਰ (ਮਗਨਰੇਗਾ) ਜ਼ਿਲ੍ਹਾ ਕਪੂਰਥਲਾ।

ਜਿਲ੍ਹਾ ਕਪੂਰਥਲਾ ਵਿੱਚ ਮਹਾਤਮਾ ਗਾਂਧੀ ਰਾਸ਼ਟਰੀ ਪੇਡੂ ਰੋਜਗਾਰ ਗਰੰਟੀ ਐਕਟ ਤਹਿਤ ਨਿਰੋਲ ਠੇਕਾ ਆਧਾਰਿਤ ਨਿਮਨਲਿਖਤ ਅਸਾਮੀਆਂ ਦੀ ਭਰਤੀ ਲਈ ਬਿਨੈ ਪੱਤਰਾਂ ਦੀ ਮੰਗੀ ਕੀਤੀ ਜਾਂਦੀ ਹੈ।

| ਲੜੀ ਨੰ | ਅਸਾਮੀ ਦਾ ਨਾਂਅ | ਅਸਾਮੀਆਂ ਦੀ ਗਿਣਤੀ | ਯੋਗਤਾ ਅਤੇ ਤਜਰਬਾ | ਮਾਨ ਭੱਤਾ |
|---|---|---|---|---|
| 1 | ਅਕਾਊਟਸ ਮੈਨੇਜਰ | ਕੁਲ ਅਸਾਮੀਆਂ 1 | M.Com/B.Com/CA ਸਮੇਤ ਸਬੰਧਤ ਫੀਲਡ ਵਿੱਚ ਘੱਟ ਤੋਂ ਘੱਟ 1 ਸਾਲ ਦਾ ਤਜਰਬਾ, ਐਮ.ਐਸ.ਆਫਿਸ ਅਤੇ ਵਿੱਚ ਮੁਹਾਰਤ, ਇੰਟਰਨੈਟ ਅਤੇ ਬੇਸਿਕ ਪ੍ਰੋਗਰਾਮਿੰਗ ਸਕਿਲ, ਜਾਂ ਸਰਕਾਰੀ/ਅਰਧ ਸਰਕਾਰੀ ਵਿਭਾਗ ਵਿੱਚੋਂ ਸੇਵਾ ਮੁੱਕਤ ਅਕਾਊਟ ਅਸਿਸਟੈਂਟ ਜੋ Tally Software ਵਿੱਚ ਮੁਹਾਰਤ ਰੱਖਦਾ ਹੋਵੇ। | ਉੱਕਾ-ਪੁੱਕਾ 17000/- ਰੁ. ਪ੍ਰਤੀ ਮਹੀਨਾਂ |
| 2 | ਕੰਪਿਊਟਰ ਅਸਿਸਟੈਂਟ | ਕੁਲ ਅਸਾਮੀਆਂ 2<br><br>ਐਸ.ਸੀ.: - 2 | BCA/B-Tech/MCA ਜਾਂ ਬਰਾਬਰ ਦੀ ਯੋਗਤਾ ਨਾਲ ਐਮ.ਐਸ.ਆਫਿਸ ਵਿੱਚ ਮੁਹਾਰਤ, ਇੰਟਰਨੈਟ ਅਤੇ ਬੇਸਿਕ ਪ੍ਰੋਗਰਾਮਿੰਗ ਸਕਿਲ, ਇਕ ਸਾਲ ਦਾ ਤਜਰਬਾ ਅਤੇ ਟਾਈਪਿੰਗ ਸਪੀਡ (30 ਅੱਖਰ ਪ੍ਰਤੀ ਮਿੰਟ) ਅੰਗਰੇਜੀ ਅਤੇ ਪੰਜਾਬੀ। | ਉੱਕਾ-ਪੁੱਕਾ 11000/- ਰੁ. ਪ੍ਰਤੀ ਮਹੀਨਾਂ |
| 3 | ਟੈਕਨੀਕਲ ਸਹਾਇਕ | ਕੁਲ ਅਸਾਮੀਆਂ 3<br><br>ਐਸ.ਸੀ.: - 2<br>ਜਨਰਲ : - 1 | ਸਿਵਲ ਇੰਜੀਨੀਰਿੰਗ ਵਿੱਚ ਡਿਗਰੀ/ਡਿਪਲੋਮਾ ਜੋ ਕਿਸੇ ਸਰਕਾਰੀ ਮਾਨਤਾ ਪ੍ਰਾਪਤ ਸੰਸਥਾ ਅਤੇ ਕੰਪਿਊਟਰ ਵਿੱਚ ਮੁਹਾਰਤ (MS word, Excel, date base functions) ਜਾਂ ਸਰਕਾਰੀ/ਅਰਧ ਸਰਕਾਰੀ ਵਿਭਾਗ ਵਿੱਚੋਂ ਸੇਵਾ ਮੁੱਕਤ ਜੇ.ਈ./ਐਸ.ਡੀ.ਓ. (ਸਿਵਲ ਵਰਕਸ) | ਉੱਕਾ-ਪੁੱਕਾ 15900/- (ਤਨਖਾਹ 15000 ਰੁ.+ ਟੀ.ਏ 900 ਰੁ.) ਪ੍ਰਤੀ ਮਹੀਨਾਂ |
| 4 | ਗ੍ਰਾਮ ਰੋਜਗਾਰ ਸੇਵਕ | ਕੁਲ ਅਸਾਮੀਆਂ 21<br><br>ਐਸ.ਸੀ.: - 7<br>ਆਰਥਿਕ ਤੋਰ ਤੇ ਕਮਜੋਰ ਵਸਨੀਕ:- 2<br>ਬੀ.ਸੀ. : - 3<br>ਜਨਰਲ : - 9 | ਬਾਰਵੀਂ ਜਮਾਤ ਪਾਸ, ਕੰਪਿਊਟਰ ਵਿੱਚ ਡਾਟਾ ਐਂਟਰੀ ਦੀ ਮੁਹਾਰਤ | ਉੱਕਾ-ਪੁੱਕਾ 9400/- (ਤਨਖਾਹ 8500 ਰੁ.+ ਟੀ.ਏ 900 ਰੁ.) ਪ੍ਰਤੀ ਮਹੀਨਾਂ |

ਸ਼ਰਤਾਂ:

1. ਚੁੱਣੇ ਗਏ ਉਮੀਦਵਾਰ ਨੂੰ ਜ਼ਿਲ੍ਹਾ ਕਪੂਰਥਲਾ ਵਿੱਚ ਜ਼ਿਲ੍ਹਾ/ ਬਲਾਕ ਦਫਤਰ ਜਾਂ ਪਿੰਡ ਪੱਧਰ ਤੇ ਤਾਇਨਾਤ ਕੀਤਾ ਜਾਵੇਗਾ।
2. ਉਮੀਦਵਾਰਾ ਦਾ ਦਸਵੀ ਪੱਧਰ ਤੇ ਪੰਜਾਬੀ ਪਾਸ ਕੀਤੀ ਹੋਣਾ ਲਾਜਮੀ ਹੈ।
3. ਉਮੀਦਵਾਰਾ ਲਈ ਉਮਰ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਵਿਗਿਆਪਨ ਦੀ ਮਿਤੀ ਤੋ 18 ਤੋਂ 37 ਸਾਲ ਦੇ ਵਿਚਕਾਰ ਹੋਣੀ ਚਾਹੀਦੀ ਹੈ।
4. ਰਾਖਵਾਕਰਨ ਅਤੇ ਉਮਰ ਦੀ ਹੱਦ ਪੰਜਾਬ ਸਰਕਾਰ ਦੀ ਪਾਲਿਸੀ ਅਨੁਸਾਰ ਹੋਵੇਗੀ ਅਤੇ ਰਾਖਵਾਕਰਨ ਦੀ ਪਾਲਿਸੀ ਅਨੁਸਾਰ ਉਮੀਦਵਾਰ ਵਲੋ ਆਪਣੀ ਕੈਟਾਗਰੀ ਸਰਟੀਫਿਕੇਟ ਸਬੂਤ ਵਜੋ ਨੱਥੀ ਕਰਨਾ ਜਰੂਰੀ ਹੈ।

Scanned with CamScanner

5. ਅਸਾਮੀਆਂ ਦੀ ਗਿਣਤੀ ਵਿੱਚ ਵਾਧਾ ਜਾ ਘਾਟਾ ਕਰਨ ਦਾ ਅਧਿਕਾਰ ਵਧੀਕ ਡਿਪਟੀ ਕਮਿਸ਼ਨਰ(ਵਿ) ਕਮ ਵਧੀਕ ਜ਼ਿਲ੍ਹਾ ਪ੍ਰੋਗਰਾਮ ਕੋਆਰਡੀਨੇਟਰ ਕਪੂਰਥਲਾ ਪਾਸ ਰਾਖਵਾ ਹੋਵੇਗਾ ਅਤੇ ਇਹ ਅਸਾਮੀਆਂ ਨਿਰੋਲ ਠੇਕੇ ਦੇ ਅਧਾਰ ਤੇ ਮਗਨਰੇਗਾ ਸਕੀਮ ਅਧੀਨ ਰੱਖੀਆ ਜਾਣੀਆਂ ਹਨ।

6. ਯੋਗ ਉਮੀਦਵਾਰਾ ਨੂੰ ਇੰਟਰਵਿਊ ਦੀ ਤਰੀਕ ਤੇ ਸਮੇ ਬਾਰੇ ਵੈਬਸਾਈਟ https://kapurthala.gov.in ਰਾਹੀਂ ਹੀ ਦੱਸਿਆ ਜਾਵੇਗਾ ਇਸ ਸਬੰਧੀ ਕੋਈ ਵੱਖਰਾ ਪੱਤਰ ਵਿਹਾਰ ਜਾਂ ਇਸ਼ਤਿਹਾਰ ਨਹੀ ਦਿੱਤਾ ਜਾਵੇਗਾ।

7. ਇੰਟਰਵਿਊ/ਟੈਸਟ ਸਬੰਧੀ ਉਮੀਦਵਾਰ ਨੂੰ ਕੋਈ ਟੀ.ਏ./ਡੀ.ਏ. ਨਹੀ ਦਿੱਤਾ ਜਾਵੇਗਾ।

8. ਵਿਭਾਗ ਨੂੰ ਇੰਟਰਵਿਊ ਕਿਸੇ ਵੀ ਸਮੇ ਮੁਲਤਵੀ/ਰੱਦ ਕਰਨ ਦਾ ਅਧਿਕਾਰ ਰਾਖਵਾ ਹੋਵੇਗਾ।

9. ਇਹਨਾਂ ਅਸਾਮੀਆਂ ਤੇ ਦਰਸਾਈ ਤਨਖਾਹ ਸਬੰਧਤ ਬਲਾਕ ਦੀ ਕਾਰਗੁਜਾਰੀ ਅਨੁਸਾਰ ਬਣਦੀ ਕੰਟਨਜੈਂਸੀ ਵਿਚੋ ਨਰੇਗਾ ਅਧੀਨ ਜਾਰੀ ਹਦਾਇਤਾਂ ਅਨੁਸਾਰ ਹੀ ਦਿੱਤੀ ਜਾਵੇਗੀ।

10. ਉਮੀਦਵਾਰ ਵਲੋ ਆਪਣੀ ਅਰਜੀ ਫਾਰਮ ਉਪਰ ਲੱਗੀ ਫੋਟੋ, ਵਿਦਿਅਕ ਯੋਗਤਾ ਦੇ ਸਰਟੀਫਿਕੇਟ ਅਤੇ ਰਾਖਵਾਕਰਨ ਸਬੰਧੀ ਦਸਤਾਵੇਜ ਦੀਆਂ ਕਾਪੀਆਂ ਨੂੰ ਗਜਟਡ ਅਫਸਰ ਵਲੋ ਤਸਦੀਕ ਕਰਵਾਉਣ ਜਰੂਰੀ ਹੋਵੇਗਾ।

11. ਉਮੀਦਵਾਰ ਵਲੋ ਕਿਸੇ ਸਰਕਾਰੀ ਜਾਂ ਸਰਕਾਰ ਵਲੋ ਮਾਨਤਾ ਪ੍ਰਾਪਤ ਸੰਸਥਾ ਵਿੱਚ ਕੀਤੇ ਗਏ ਕੰਮ ਨੂੰ ਹੀ ਯੋਗ ਤਜਰਬਾ ਮੰਨਿਆ ਜਾਵੇਗਾ।

ਚਾਹਵਾਨ ਉਮੀਦਵਾਰ ਆਪਣੇ ਬਿਨੈ ਪੱਤਰ ਨਿਰਧਾਰਿਤ ਫਾਰਮੈਟ ਵਿਚ ਜੋ ਕਿ ਨਾਲ ਨੱਥੀ ਹੈ, ਨਾਲ ਤਸਦੀਸੁਦਾ ਵਿਦਿਅਕ ਅਤੇ ਤਜਰਬਾ ਸਰਟੀਫਿਕੇਟ ਦੀਆਂ ਫੋਟੋ ਕਾਪੀਆਂ ਨੱਥੀ ਕਰਕੇ ਜ਼ਿਲ੍ਹਾ ਰੁਜਗਾਰ ਅਤੇ ਕਾਰੋਬਾਰ ਬਿਊਰੋ, ਪੰਜਵੀ ਮੰਜਿਲ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਕਪੂਰਥਲਾ ਵਿਖੇ ਨਿੱਜੀ ਤੌਰ ਤੇ ਮਿਤੀ 05.10.2020 ਤੋਂ ਮਿਤੀ 12.10.2020 ਨੂੰ ਸ਼ਾਮ 4.00 ਵਜੇ ਤੱਕ ਜਮਾ ਕਰਵਾ ਸਕਦੇ ਹਨ।

ਨੋਟ :- ਵੱਖ ਵੱਖ ਪੋਸਟਾ ਦੀ ਭਰਤੀ ਲਈ ਮਿਤੀ 06.02.2020 ਨੂੰ ਅਖਬਾਰੀ ਇਸ਼ਤਿਹਾਰ ਦਿੱਤਾ ਗਿਆ ਸੀ ਪ੍ਰੰਤੂ ਉਹ ਭਰਤੀ ਦੀ ਪ੍ਰਕਿਰਿਆ ਰੱਦ ਕਰ ਦਿੱਤੀ ਗਈ ਸੀ ਜਿਸ ਦੀ ਸੂਚਨਾਂ ਜ਼ਿਲ੍ਹਾ ਪ੍ਰਸ਼ਾਸ਼ਨ ਦੀ ਵੈਬਸਾਈਟ ਤੇ ਅਪਲੋਡ ਕਰ ਦਿੱਤੀ ਗਈ ਸੀ। ਇਸ ਲਈ ਚਾਹਵਾਨ ਉਮੀਦਵਾਰਾਂ ਨੂੰ ਦੁਬਾਰਾ ਅਪਲਾਈ ਕਰਨਾ ਜਰੂਰੀ ਹੋਵੇਗਾ।

ਵਧੀਕ ਡਿਪਟੀ ਕਮਿਸ਼ਨਰ(ਵਿ)
ਕਪੂਰਥਲਾ

Scanned with CamScanner

Sr No .............................
(Office use only)

# ਮਗਨਰੇਗਾ ਸਕੀਮ ਅਧੀਨ ਕੰਟਰੈਕਟ ਬੇਸ ਤੇ ..........................................
# ਪੋਸਟ ਤੇ ਭਰਤੀ ਲਈ ਬਿਨੈ ਪੱਤਰ

ਪਾਸਪੋਰਟ ਸਾਈਜ ਫੋਟੋ ਲਗਾਉ

1. ਬਿਨੇਕਾਰ ਦਾ ਨਾਂ : ..........................................
2. ਪਿਤਾ/ਪਤੀ ਦਾ ਨਾਂ: ..........................................
3. ਉਮਰ ਮਿਤੀ ਸਮੇਤ: .......ਸਾਲ : ......................
4. ਕੰਟੈਕਟ ਨੰਬਰ: ..........................................
5. ਲਿੰਗ (ਮਰਦ/ਔਰਤ): ..........................................
6. ਕੈਟਾਗਿਰੀ: ..........................................
7. ਵਿਆਹੁਤਾ ਬਾਰੇ: ..........................................
8. ਪੱਕਾ ਪਤਾ: ..........................................
..........................................
9. ਕੀ ਪੰਜਾਬੀ ਮੈਟਰਿਕ ਪੱਧਰ ਤੱਕ ਪਾਸ ਹੈ? ..........................................
10. ਕੌਮੀਅਤ: ..........................................
11. ਯੋਗਤਾ:

| ਲੜੀ ਨੰ. | ਸਿਖਿਆ | ਬੋਰਡ/ਯੂਨੀਵਰਸਿਟੀ | ਪਾਸ ਕਰਨ ਦਾ ਸਾਲ | ਕੁਲ ਨੰਬਰ | ਪ੍ਰਾਪਤ ਨੰਬਰ | ਪ੍ਰਤੀਸ਼ਤ ਨੰਬਰ |
|---|---|---|---|---|---|---|
| 1 | 10ਵੀ | | | | | |
| 2 | 10+2 | | | | | |
| 3 | ਡਿਪਲੋਮਾਂ | | | | | |
| 3 | ਗ੍ਰੈਜੁਏਸ਼ਨ | | | | | |
| 4 | ਪੋਸਟ ਗ੍ਰੈਜੁਏਸ਼ਨ | | | | | |
| 5 | ਹੋਰ ਕੋਈ | | | | | |
| | | | | | | |
| | | | | | | |
| | | | | | | |

12. ਤਜਰਬਾ: ..........................................
..........................................
..........................................
..........................................
..........................................

ਮਿਤੀ:

(ਉਮੀਦਵਾਰ ਦਾ ਨਾਂ ਅਤੇ ਦਸਤਖਤ)

Scanned with CamScanner